# Visit of Foreign Secretary to Myanmar (November 20-21, 2022)

November 22, 2022

## ਵਿਦੇਸ਼ ਸਕੱਤਰ ਦਾ ਮਿਆਂਮਾਰ ਦਾ ਦੌਰਾ (20–21 ਨਵੰਬਰ , 2022)

**22 ਨਵੰਬਰ, 2022**

1. ਵਿਦੇਸ਼ ਸਕੱਤਰ ਨੇ 20-21 ਨਵੰਬਰ, 2022 ਤੱਕ ਮਿਆਂਮਾਰ ਦਾ ਕਾਰਜਕਾਰੀ ਦੌਰਾ ਕੀਤਾ।

2. ਮਿਆਂਮਾਰ ਦੇ ਸੀਨੀਅਰ ਆਗੂਆਂ ਨਾਲ ਕੀਤੀਆਂ ਆਪਣੀਆਂ ਬੈਠਕਾਂ ਦੌਰਾਨ ਵਿਦੇਸ਼ ਸਕੱਤਰ ਨੇ ਭਾਰਤ ਅਤੇ ਮਿਆਂਮਾਰ ਦੇ ਸਰਹੱਦੀ ਖੇਤਰਾਂ ਵਿੱਚ ਸੁਰੱਖਿਆ ਅਤੇ ਸਥਿਰਤਾ ਨੂੰ ਬਣਾਈ ਰੱਖਣ ਬਾਰੇ ਚਰਚਾ ਕੀਤੀ; ਮਿਆਂਮਾਰ ਦੇ ਮਿਆਵਾਡੀ ਖੇਤਰ ਵਿੱਚ ਅੰਤਰਰਾਸ਼ਟਰੀ ਅਪਰਾਧ ਸਿੰਡੀਕੇਟਾਂ ਦੁਆਰਾ ਕੀਤੀ ਜਾਣ ਵਾਲੀ ਮਨੁੱਖੀ ਤਸਕਰੀ ਦਾ ਮੁੱਦਾ ਉਠਾਇਆ ਜਿਸ ਵਿੱਚ ਬਹੁਤ ਸਾਰੇ ਭਾਰਤੀ ਨਾਗਰਿਕ ਫੜੇ ਗਏ ਹਨ ਅਤੇ ਦੁਵੱਲੇ ਵਿਕਾਸ ਸਹਿਯੋਗ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ ਗਈ।

3. ਵਿਦੇਸ਼ ਸਕੱਤਰ ਨੇ ਭਾਰਤ-ਮਿਆਂਮਾਰ ਸਰਹੱਦੀ ਖੇਤਰਾਂ ਸਮੇਤ ਲੋਕ-ਕੇਂਦ੍ਰਿਤ ਸਮਾਜਿਕ-ਆਰਥਿਕ ਵਿਕਾਸ ਪ੍ਰੋਜੈਕਟਾਂ ਲਈ ਭਾਰਤ ਦੀ ਲਗਾਤਾਰ ਹਮਾਇਤ ਦੇ ਨਾਲ ਕਾਲਦਾਨ ਮਲਟੀਮੋਡਲ ਟਰਾਂਜ਼ਿਟ ਟ੍ਰਾਂਸਪੋਰਟ ਪ੍ਰੋਜੈਕਟ ਅਤੇ ਚੱਲ ਰਹੀਆਂ ਸੰਪਰਕ ਪਹਿਲਕਦਮੀਆਂ ਅਤੇ ਤਿਕੋਣੀ ਹਾਈਵੇਅ ਨੂੰ ਤੇਜ਼ੀ ਨਾਲ ਪੂਰਾ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਪ੍ਰਗਟਾਈ। ਵਿਦੇਸ਼ ਸਕੱਤਰ ਨੇ ਮਿਆਂਮਾਰ ਦੇ ਲੋਕਾਂ ਦੇ ਫਾਇਦੇ ਲਈ ਰਾਖੀਨ ਰਾਜ ਵਿਕਾਸ ਪ੍ਰੋਗਰਾਮ ਅਤੇ ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ ਦੇ ਤਹਿਤ ਪ੍ਰੋਜੈਕਟਾਂ ਨੂੰ ਜਾਰੀ ਰੱਖਣ ਲਈ ਪ੍ਰਤੀ ਭਾਰਤ ਦੀ ਵਚਨਬੱਧਤਾ ਵੀ ਦੁਹਰਾਈ। ਵਿਦੇਸ਼ ਸਕੱਤਰ ਨੇ ਲੋਕਾਂ ਦੇ ਲਾਭ ਲਈ ਰਾਖੀਨ ਰਾਜ ਵਿਕਾਸ ਪ੍ਰੋਗਰਾਮ ਅਤੇ ਸਰਹੱਦੀ ਇਲਾਕਾ ਵਿਕਾਸ ਪ੍ਰੋਗਰਾਮ ਦੇ ਮਾਮਲੇ 'ਚ ਭਾਰਤ ਦੀ ਵਚਬੱਧਤਾ ਜਾਰੀ ਰੱਖਣ ਦੀ ਗੱਲ ਦੁਹਰਾਈ।

ਨਵੀਂ ਦਿੱਲੀ

22 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.